ਅਸਲੀ ਤੇ ਪੂਰਾ ਕਿੱਸਾ

# ਰਾਜਾ ਰਸਾਲੂ

ਕ੍ਰਿਤ ਕਵੀ ਕਿਸ਼ਨ ਸਿੰਘ ਆਰਿਫ



ਮਿਲਨ ਦਾ ਪਤਾ—

ਆਜ਼ਾਦ ਬੁਕ ਡੀਪੂ, ਹਾਲ ਬਾਜ਼ਾਰ ਅੰਮ੍ਰਿਤਸਰ।

Price 75 nP.

# ਕਿੱਸਾ ਰਾਜਾ ਰਸਾਲੂ

ਕ੍ਰਿਤ ਕਵੀ—

ਕਿਸ਼ਨ ਸਿੰਘ ਸਵਰਗਵਾਸੀ ਸ੍ਰੀ ਅੰਮ੍ਰਿਤਸਰ

—ਪ੍ਰਕਾਸ਼ਕ—

ਮੋਹਨ ਸਿੰਘ ਮਾਲਿਕ, ਆਜ਼ਾਦ ਬੁਕ ਡਿਪੋ,
ਹਾਲ ਬਾਜ਼ਾਰ ਅੰਮ੍ਰਿਤਸਰ

ਪਹਿਲਾਂ ਨਾਮ ਲੈ ਕੇ ਗੁਰਾਂ ਪੂਰਿਆਂ ਦਾ ਕਿੱਸਾ ਰਾਜੇ ਰਸਾਲੂ ਦਾ ਗਾਈਏ ਜੀ।ਰਾਣੀਲੂਣਾ ਏਧਰ ਫਰਜ਼ੰਦਹੋਯਾ ਪੁਤ੍ਰਰਾਜੇ ਸਲਵਾਨ ਦਾ ਧਿਆਈਏ ਜੀ ਬਾਰਾਂਬਰਸਰਿਹਾ ਵਿਚਭੋਰੇਦੇ ਸਾਹਿਬ ਅਕਲ ਤੇਸ਼ਕਲ ਜਤਾਈਏ ਜੀ।ਕਿਸ਼ਨ ਸਿੰਘ ਜਾਂ ਭੋਰਿਉਂ ਬ ਹਰ ਆਯਾ ਸਿਫਤ ਉਸਦੀਆਖ ਸੁਨਾਈਏ ਜੀ ॥੧॥
ਸਰੂ ਕੱਦ ਤੇ ਹੱਦਬਾਂ ਹੁਸਨ ਬਾਹਿਰ ਕੱਦ ਖ਼ਾਲ ਨਿਹਾਲ ਕਮਾਲ ਆਹਾ ਮੱਥਾਮਾਹਿਤੇ ਭਵਾ ਸਿਆਹ ਚਸ਼ਮਾਂਸੁੰਦਰ ਮੋਹਣਾਖੂਬਜਵਾਲ ਆਹਾ ।ਇਲਮ ਹੁਨਰਸਬ ਸਿਖ ਤਿਆਰਹੋਯਾ ਸ਼ਾਹਤਰਫ ਇਨਸਾਫ ਖਿਆਲਆਹਾ, ਕ੍ਰਿਸ਼ਨ ਸਿੰਘ ਸ਼ਤਰੰਜ ਤੇ ਨਰਦ ਚੌਪਟ ਬਾਜ਼ੀ ਖੇਲਨੇ ਵਿਚ ਵਿਸਾਲ ਆਹਾ ॥੨॥
ਕਦੇ ਸੈਫ ਤਲਵਾਰ ਤੇ ਫੜੀਬਰਛੀ ਕਦੇ ਤੀਰ ਕਮਾਨ ਚਲਾਂਵਦਾ ਸੀ। ਕਦੇ ਹੋਏ ਸਵਾਰ ਤੇ ਪਕੜ ਨੇਜ਼ਾ ਕਿੱਲਾ ਖੁਟਕੇ ਦੂਰ ਵਗਾਂਵਦਾ ਸੀ। ਕਦੇ ਪਕੜ ਬੰਦੂਕ ਨਿਸ਼ਾਨ ਕਰਦਾ ਕਦੇ ..ਤਕੇ ਫੇਰ ਵਗਾਂਵਦਾ ਸੀ। ਕਿਸ਼ਨ ਸਿੰਘ ਰਸਾਲੂ ਜਵਾਨ ਹੋਇਆ ਪੂਰਾ ਸੂਰਮਾਂ ਜ਼ੋਰ ਕਹਾਂਵਦਾ ਸੀ ॥੩॥
ਇਕ ਰੋਜ਼ ਇਕ ਨਿਆਉਂ ਸਲਵਾਨ ਕੀਤਾ ਕੈਦੀ ਕੈਦ ਕਰਆਪਸ਼ਿਕਾਰ ਗਿਆ ।ਅਹਿਲਕਾਰੀ ਕੁਝਨਾਹਾਜ਼ ਰਹੇ ਰਾਜਾ ਉਲਟ ਵਿਚਾਰ ਵਿਚਾਰਗਯਾ ਸੁਣੀ ਗੱਲ ਰਸਾਲੂ ਨੇ ਆਣ ਉਥੇ ਸਾਰਾ ਸਚ ਤੇ ਝੂਠ ਨਿਤਾਰ ਗਿਆ। ਕਿਸ਼ਨ ਸਿੰਘਕੈਦੀ ਕੈਦੋਂ ਕੱਢ ਦਿਤੇਹੋਏਉਨ੍ਹਾਂਦਾ ਦੂਰ ਆਜ਼ਾਰ ਗਿਆ ।੪।
ਸੁਣੀ ਆਨ ਸਲਵਾਨ ਨੇ ਗੱਲ ਸਾਰੀ ਬੜਾ ਦਿਲ ਅੰਦਰ ਪ੍ਰੇਸ਼ਾਨ ਹੋਯਾ, ਕਹਿੰਦਾ ਕਿਵੇਂ ਰਸਾਲੂਨੂੰ ਕੱਢ ਦਈਏ ਨਾਲ ਵਜ਼ੀਰਬਿਆਨ ਹੋਇਆ, ਏਹੋ ਰਾਜੇ ਨੇ ਰਲਸਲਾਹ ਕੀਤੀ ਪੁਤ੍ਰ ਕੱਢਣੇਂ ਵੱਲਧਿਆਨ ਹੋਇਆ।ਕਿਸ਼ਨਸਿੰਘ

ਕੀ ਰਹੇਗੀ ਪਤ ਮੇਰੀ ਜੇ ਤਾਂ ਹੁਣੇ ਇਹ ਸਾਹਿਬ ਸੁਲਤਾਨ ਹੋਇਆ ॥੫॥

ਰਾਜੇ ਇਕ ਗੋਲੀ ਤਾਈਂ ਕਿਹਾ ਚੋਰੀ ਜਦੋਂ ਆਵੇ ਜਰਾ ਧਿਆਨ ਰੱਖੀਂ । ਦੇਵੀਂ ਰੋਟੀਆਂ ਲਿਆ ਤਿੰਨ ਖਾਵਣੇ ਨੂੰ ਤੇ ਖੜਾਵਾਂਵੀ ਪੁਠੀਆਂ ਆਣ ਰੱਖੀਂ । ਜਿਵੇਂ ਕਿਹਾ ਰਾਜੇ ਤਿਵੇਂ ਗੋਲੀ ਕੀਤਾ ਕੰਵਰ ਆਖਦਾ ਸਾਈਂ ਈਮਾਨ ਰਖੀਂ । ਕਿਸ਼ਨ ਸਿੰਘ ਫਿਰ ਲੂਨਾਂ ਨੂੰ ਆਨ ਮਿਲਿਆ ਕਹਿੰਦਾ ਕੰਨ ਵਿਚ ਏਹ ਬਿਆਠ ਰੱਖੀਂ ॥੬॥

ਦਿਤਾ ਦੇਸ ਨਿਕਾਲੜਾ ਬਾਪਮੈਨੂੰ ਤੂੰਵੀ ਆਗਿਆ ਦੇ ਤਿਆਰ ਹਾਂ ਮੈਂ । ਲੂਨਾਂ ਆਖਿਆ ਇਹ ਕੀ ਕਹਿਰਹੋਇਆਇਸ ਦੁਖਕੋਲੋਂ ਬੜੀਜ਼ਾਰ ਹਾਂ ਮੈਂ। ਕਿਹਾ ਪੂਰਨਦਾ ਅੱਜਦਰੁਸਤ ਹੋਇਆ ਏਸਸਜ਼ਾ ਦੀ ਹੀ ਹਜ਼ਾਵਾਰ ਹਾਂ ਮੈਂ । ਕਿਸ਼ਨ ਸਿੰਘ ਕੀਕਰਾਂ ਤਕਦੀਰਅਗੇ ਸਚੇਟੱਬਦੀ ਸ਼ੁਕਰ ਗੁਜ਼ਾਰਹਾਂ ਮੈਂ ॥੭॥

ਵਰ ਪੂਰਨ ਦੇ ਨਾਲ ਤੂੰਹੋਈਉਂ ਪੈਦਾਪੰਧ ਕਰਨਾ ਨਾਲ ਸੰਭਾਲ ਬੇਟਾ। ਬਾਰਾਂ ਬਰਸ ਪਿਛੋਂ ਘਰੋਂ ਨਿਕਲਿਆ ਈਫੇਰ ਆਵਸੀ ਸੁਖਦੇ ਨਾਲ ਬੇਟਾ ਫੇਰ ਕਰੇਗਾ ਰਾਜ ਸਮਾਜ ਜਾ ਕੇ ਬਾਰਾਂ ਬਰਸ ਪਹਿਲੇ ਦੁਖ ਝਾਲ ਬੇਟਾ । ਕਿਸ਼ਨ ਸਿੰਘ ਹੋਣੀ ਠੀਕ ਹੋਏਰਹਿਸੀ ਏਗਲਦਾ ਰੱਖ ਖਿਆਲ ਬੇਟਾ ।੮। ਚਾਰ ਲਾਲ ਦਿਤੇ ਹੋਰ ਸਵਰਣ ਚਾਂਦਾ ਕਹਿੰਦੀ ਖੈਰ ਹੁਣ ਜਾਹ ਸਿਧਾਰ ਬੇਟਾ। ਰਿਹੋਂ ਜੀਂਵਦਾ ਆਏਫਿਰ ਮਿਲੀਂਮੈਨੂੰ ਹੁਣ ਚੱਲਿਓ ਮੋਈ ਨੂੰ ਮਾਰ ਬੇਟਾ । ਖਰਚ ਬੰਨ੍ਹ ਪਲੇ ਵਕਤ ਕਟਣੇ ਨੂੰ ਅਤੇ ਹੋ ਜਾ ਤੁਰਤ ਸਵਾਰ ਬੇਟਾ।ਕਿਸ਼ਨ ਸਿੰਘ ਕੀ ਕਹਾਂ ਤੂੰ ਆਪ ਸਿਆਣਾ ਰਹੀਂ ਵਿਚ ਪ੍ਰਦੇਸ ਹੁਸ਼ਿਆਰ ਬੇਟਾ।੯।

ਕੰਵਰ ਚੱਲਿਆ ਛੱਡ ਕੇ ਸ਼ਹਿਰ ਆਪਣਾ ਕਈਆਂ ਜੰਗਲਾਂ ਨੂੰ ਗਿਆ ਚੀਰ ਲੋਕੋ । ਸ਼ੇਰ ਚਿਤਰੇ ਕਈ ਦਰਿੰਦੇ ਆਏ ਲੰਘ ਜਾਂਵਦਾ ਜੰਡ ਕਰੀਰ ਲੋਕੋ । ਅਗੇ ਬਾਹਿਰ ਕਦੇ ਨ ਨਿਕਲਿਆ ਸੀ ਨਾਜ਼ਕ ਬਦਨ ਤੇ ਨਰਮ ਸਰੀਰ ਲੋਕੋ । ਕਿਸ਼ਨ ਸਿੰਘ ਮੁਸੀਬਤਾਂ ਪੇਸ਼ ਆਈਆਂ ਨੈਣੀਂ ਰੋਂਦਿਆ ਜਾਵਦਾ ਨੀਰ ਲੋਕੋ ॥ ੧੦ ॥

ਏਕ ਗਾਓਂ ਮੇਂ ਜਾਏ ਆਰਾਮ ਕੀਤਾ ਦੇਸ਼ ਆਪਣੇ ਤੋਂ ਗਿਆ ਦੂਰ ਬੇਲੀ । ਘੋੜਾ ਥਕ ਰਿਹਾ ਆਪ ਅੱਕ ਰਿਹਾ ਹੋਇਆ ਚਲਦਾ ਚਲਦਾ ਚੂਰ ਬੇਲੀ । ਓਥੇ ਰਾਜ ਰਾਜੇ ਸਿਰਕੱਪ ਦਾ ਸੀ ਕੀਤਾ ਹਾਲ ਮਲੂਮ ਜ਼ਰੂਰ ਬੇਲੀ । ਕਿਸ਼ਨ ਸਿੰਘ ਜੋ ਗਿਆ ਨ ਫੇਰ ਆਇਆ ਤੂੰ ਬੀ ਜਾਹ-ਮੈਂ ਮੌਤ



ਹਜ਼ੂਰ ਬੇਲੀ ॥੧੧॥

ਲੋਕਾਂ ਆਖਿਆ ਹੋਰ ਨ ਖਬਰ ਸਾਨੂੰ ਸਹਿਜੇ ਜਾਇ ਕੇ ਉਸ ਦੀ ਸਾਰ ਲਵੀਂ । ਉਸ ਦਾ ਨਾਮ ਸਿਰਕੱਪ ਮਸ਼ਹੂਰ ਸਾਰੇ ਰਾਜਾ ਹੋਵੇ ਤਾਂ ਉਸ ਨੂੰ ਮਾਰ ਲਵੀਂ ।ਬਾਜ਼ੀ ਜੂਏ ਦੀ ਖੇਲੇਗਾ ਨਾਲ ਤੇਰੇ ਭਾਵੇਂ ਜਿਤ ਲਵੀਂ ਭਾਵੇਂ ਹਾਰ ਲਵੀਂ । ਕਿਸ਼ਨ ਸਿੰਘ ਪਿਛੇ ਜਾਵੀਂ ਪਾਸ ਉਸ ਦੇ ਪਹਿਲੇ ਸੋਚ ਵਿਚਾਰ ਵਿਚਾਰ ਲਵੀਂ ॥ ੧੨ ॥

ਕੰਵਰ ਚੱਲਿਆ ਤੁਰਤ ਰਵਾਨ ਹੋਕੇ ਜਾਂਦਾ ਇਕ ਜੰਗਲਦੀਵਲ ਗਿਆ। ਲਗੀ ਅੱਗਸੀ ਉਸ ਜੰਗਲ ਤਾਈਂ ਸਾਰਾ ਜਲਦਾ ਜਲਦਾ ਜਲ ਗਿਆ । ਆਇਆ ਇਕ ਦ੍ਰਖਤ ਦੇ ਪਾਸ ਰਾਜਾ ਉਹਵੀ ਜੜ੍ਹਾਂਵਲੋਂ ਕੁਛਬਲਗਿਆ। ਕਿਸ਼ਨ ਸਿੰਘ ਉਤੇਸੁੰਦਰ ਇਕ ਤੋਤਾਮਾਰੇ ਗਮਦੇਹੋਏ ਬਿਕਲ ਗਿਆ।੧੩।

ਰਾਜੇ ਆਖਿਆ ਉੱਡ ਜਾ ਤੋਤਿਆਓਏ ਲੱਗੀਅੱਗ ਦਰਖਤ ਨੂੰ ਜਲੇਂਗਾ ਤੂੰ । ਪਰਦਾਰ ਬ੍ਰਿਖਸ਼ ਤੇ ਬੈਠ ਰਿਹੋਂ ਤਾਹੀਂ ਬਚੇਂਗਾ ਜੇ ਉਡ ਚਲੇਂਗਾ ਤੂੰ ਇਸ ਰੁਖ ਦੇਨਾਲ ਕੀਚਾਹਤੇਰੀ ਐਵੇਂ ਹੋਏ ਹਲਾਕਕਿਉਂਗਲੇਂਗਾ ਤੂੰ।ਕਿਸ਼ਨ ਸਿੰਘ ਆ ਜਾ ਮੇਰੇ ਹੱਥ ਉਤੇ ਖੂਬ ਖਾਇਕੇ ਚੂਰੀਆਂ ਪਲੇਂਗਾ ਤੂੰ ॥੧੪॥

ਤੋਤੇ ਕਿਹਾ ਇਹ ਰੁੱਖ ਕਦੀਮ ਦਾ ਹੈ ਏਸ ਰੁਖ ਤੇ ਮੈਂ ਪੈਦਾਵਾਰ ਹੋਇਆ ਗੰਦਾ ਜਾਨ ਆਂਡਾ ਇਥੇ ਛੱਡ ਗਏਮਾਂ-ਬਾਪ ਮੈਨੂੰ ਉਡਨਹਾਰ ਹੋਇਆ।ਝੁੰਡ ਸਾਧੂਆਂ ਦਾ ਲੱਥਾ ਆਣ ਇਥੇ ਸੁਣਿਆ ਸ਼ੋਰ ਮੈਂ ਆਂਡਿਓਂ ਬਾਹਰਹੋਇਆ। ਕਿਸ਼ਨਸਿੰਘ ਮੇਰਾਗੋਰਖਨਾਥ ਗੁਰੂਚੇਲਾਉਸਦਾ ਮੈਂ ਪਰਦਾਰ ਹੋਇਆ।੧੫।

ਏਸ ਰੁਖ ਦੀ ਅਗ ਬੁਝਾ ਰਾਜਾ ਤੋਤੇ ਆਖਿਆ ਕੌਲ ਕਰਾਰ ਕਰਕੇ।ਮੇਰਾ ਆਖਿਆਮੰਨਣਾ ਹੋਏ ਰਾਜਾ ਨਹੀਂਮੋੜਨਾ ਵਚਨ ਇਨਕਾਰ ਕਰਕੇ। ਨਿਮਕ ਖਾਏ ਤੇਰਾ ਨਹੀਂ ਬੁਰਾ ਕਰਸਾਂ ਨੇਕੀ ਕਰਾਂਗਾ ਜਾਨਤਕਰਾਰਕਰਕੇ।ਕਿਸ਼ਨ ਸਿੰਘ ਜੇ ਤੋੜ ਨਿਭਾਵਣੀ ਹੈ ਚੱਲਾਂ ਨਾਲ ਤੇਰੇ ਪੱਕਾ ਯਾਰ ਕਰਕੇ ॥੧੬॥

ਰਾਜੇ ਆਖਿਆ ਅੱਗ ਬੁਝਾਵਨਾ ਹਾਂ ਹੋਰ ਕਹੋਂ ਜੋ ਸਭ ਕਬੂਲ ਮੈਨੂੰ । ਪਾਣੀ ਪਾਏਕੇ ਅੱਗ ਬੁਝਾ ਦਿਤੀ ਤੋਤੇ ਆਖਿਆ ਰਿਹਾ ਨ ਸੂਲ ਮੈਨੂੰ। ਤੋਤਾ ਰਾਜੇ ਦੇ ਹੱਥ ਤੇ ਬੈਠ ਗਿਆ ਕਹਿੰਦਾ ਦਿਲੋਂ ਨ ਜਾਵਨਾ ਭੂਲ ਮੈਨੂੰ।ਕਿਸ਼ਨ ਸਿੰਘ ਕਹਿੰਦਾ ਰਾਜਾ ਚੱਲ ਪਿਆਰੇ ਇਥੇ ਸਬਰ ਨਆਂਵਦਾਮੂਲ ਮੈਨੂੰ।੧੭।

ਰਾਜਾ ਤੋਤੇ ਨੂੰ ਪਕੜ ਸਵਾਰ ਹੋਇਆ ਇਕ ਬਾਵਲੀ ਦੇਹੇਠ ਆਂਵਦਾਈ

ਕਹਿੰਦਾ ਤੋਤੇਨੂੰ ਸ਼ਹਿਰ ਦੀਖਬਰਲਿਆ ਓ ਆਪਲਾਹਕੇਕਪੜੇਨਹਾਂਵਦਾ ਈ
ਇਕਸਿਲ ਤੇ ਲਿਖਿਆਦੇਖ ਲੀਤਾ ਜਦੋਂ ਧਿਆਨ ਉਹਦੀ ਵਲਪਾਂਵਦਾਈ
ਕਿਸ਼ਨਸਿੰਘ ਪਾਣੀ ਪੀਵੇ ਖੇਡਬਾਜ਼ੀ ਏਹੋਰਾਜਾ ਸਿਰਕਪਫੁਰਮਾਂਵਦਾਈ।੧੮।

ਰਾਜਾ ਬਾਵਲੀ ਦੇਵਿਚੋਂ ਬਾਹਰਆਯਾ ਪਾਣੀ ਪੀਵਣਾਜਦੋਂ ਸੁਗੰਧਹੋਇਆ
ਤੋਤਾ ਆਏ ਕੇ ਹੱਥ ਤੇ ਬੈਠ ਗਿਆ ਰਾਜਾ ਦੇਖ ਕੇ ਬਹੁਤ ਆਨੰਦ ਹਇਆ।
ਕਹਿੰਦਾਹਾਲਹਵਾਲ ਸੁਨਾਉ ਸਾਰਾ ਮੈਂ ਤਾਂ ਬਹੁਤਹੋਆਫਿਕ੍ਰ-ਮੰਦ ਹੋਇਆ।
ਕਿਸ਼ਨਸਿੰਘ ਪ੍ਰਦੇਸਕਲੇਸ਼ਰਹਿੰਦਾ ਗਮ ਨਾਲ ਦੁਖੀਬੰਦਰ ਹੋਇਆ ।੧੯।

ਤੋਤਾ ਆਖਦਾ ਸ਼ਹਿਰ ਨੂੰ ਚੱਲ ਰਾਜਾ ਪਹਿਲੇ ਆਵਸੀ ਇਕ ਘੜਿਆਲ
ਭਾਈ। ਸਵਾ ਮਣ ਪਕਾ ਉਹਦਾ ਭਾਰ ਹੋਸੀ ਸਵਾ ਮਣ ਦੀ ਮੂੰਗਲੀ ਨਾਲ
ਭਾਈ। ਅੱਵਲ ਉਹ ਘੜਿਆਲ ਬਜਾਏ ਕੇਜੀ ਅਗੋਂ ਰੱਖਣਾ ਪੈਰ ਸੰਭਾਲ
ਭਾਈ। ਕਿਸ਼ਨ ਸਿੰਘ ਇਕ ਚੀਲ ਆ ਫਿਰੂ ਸਿਰ ਪਰ ਕਰੂਹਾਲ ਥੀਂ ਚਾਏ
ਬੇ-ਹਾਲ ਭਾਈ॥ ੨੦॥

ਉਹ ਚੀਲ ਹੈ ਰਾਜਿਆ ਕਾਲ ਜੋਗਨ ਤੀਰ ਮਾਰ ਉਹ ਨੂੰ ਥਲੇ ਸੁਟ
ਜਾਵੀਂ। ਅਗੇ ਸ਼ਹਿਰਦੇ ਬੂਹੇ ਨੂੰ ਜੰਦਰਾ ਹੈ ਲੱਤਮਾਰਕੇ ਉਸਨੂੰ ਟੁਟ ਜਾਵੀਂ
ਬਾਹਰ ਲੜਕੀਆਂ ਪੀਂਘ ਝੂਟੇਂਦਿਆਂ ਨੇ ਖੰਡੇਨਾਲ ਲਾਸਾਂ ਸਭੇਕੱਟ ਜਾਵੀਂ
ਕਿਸ਼ਨਸਿੰਘ ਪਹਿਰੇਦਾਰ ਦੇਵ ਹੋਸੀ ਉਸਨੂੰ ਮਾਰਕੇਚੋੜ ਚੁਪੱਟ ਜਾਵੀਂ।੨੧।

ਕੰਵਰ ਸ਼ਹਿਰਦੀਤਰਫ ਰਵਾਨਹੋਇਆ ਪਹਿਲੋਂਜਾਏਘੜਿਆਲ ਬਜਾਇਓ
ਸੂ। ਚੀਲ ਆਏਕੇ ਸਿਰ ਤੇ ਭੌਣ ਲੱਗੀ ਉਹਨੂੰ ਮਾਰਕੇ ਤੀਰ ਗਿਰਾਇਓ ਸੂ।
ਲੱਤ ਮਾਰਕੇ ਜੰਦਰਾ ਤੋੜ ਦਿਤਾ ਤੇਗਦਿਉ ਦੇਸਿਸ ਚਲਾਇਉ ਸੂ। ਕਿਸ਼ਨ
ਸਿੰਘ ਲਾਸਾਂ ਕਟ-ਪਟ ਵਾਲੀਆਂ ਥਲੇ ਚਾਏ ਭੰਗੂੜੇਨੂੰ ਡਾਇਉ ਸੂ ॥੨੨।

ਰਾਜਾ ਸ਼ਹਿਰ ਸਿਰਕੱਪ ਦੇ ਜਾਏ ਵੜਿਆ ਪਿਆ ਸ਼ੋਰ ਸੂਕਾਰਦਰਬਾਰ
ਸਾਈਂ। ਲਾਸਾਂਵਡੀਆਂ ਤੋੜਿਆ ਜੰਦਰੇ ਨੂੰ ਕੀਤੀ ਸਾਰਿਆਂ ਜਾਏ ਪੁਕਾਰ
ਸਾਈਂ। ਸੁਣਕੇ ਕਿਹਾ ਸਿਰਕੱਪ ਕੁਝ ਫਿਕਰ ਨਾਹੀਂ ਖੂਬ ਲਵਾਂਗਾ ਉਸਦੀ
ਸਾਰ ਸਾਈਂ। ਕਿਸ਼ਨ ਸਿੰਘ ਜੋ ਖੇਲੇਗਾ ਨਾਲ ਮੇਰੇਉਹਨੂੰ ਜਿਤਕੇ ਲਵਾਂਗਾ
ਮਾਰ ਸਾਈਂ ।੨੩ ॥

ਕੰਵਰ ਸ਼ਹਿਰਦੇ ਵਿਚਜਾਂ ਵੜਨਲੱਗਾ ਇਕਯਾਰ ਦੇਨਾਲਪਿਆਰ ਪਾਯਾ
ਜਿਹੜਾ ਭੇਤੀਰਾਜੇ ਸਿਰਕੱਪਦਾਸੀਕਿਸੇ ਯਾਰਕੋਲੋਂ ਇਸਤਾਰਪਾਇਆ।ਜੂਆ



ਖੇਡ ਜਿਤੇ ਜਿਵੇਂ ਰਾਜਿਆਂ ਨੂੰ ਸਾਰਾ ਉਸਦਾਵਣਜ ਵਪਾਰ ਪਾਇਆ। ਕਿਸ਼ਨ
ਸਿੰਘਜਾਰੀਕਾਰੀ ਕੰਮ ਆਵੇਹੋਇਆ ਕੰਮ ਸਾਰਾ ਜਦੋਂ ਯਾਰ ਪਾਇਆ।੨੪।

ਕਿਹਾ ਯਾਰ ਨੇ ਰਾਜਿਆ ਸਮਝ ਤੈਨੂੰ ਦਸਾਂ ਹਾਲ ਸਿਰਕੱਪ ਦਾ ਫੋਲ ਕੇ
ਜੀ। ਪਾਸ ਖੇਲਦਾ ਤੇ ਮਕਰ ਮੇਲਦਾ ਹੈਮਾਰੇ ਸੱਚਿਆਂ ਨੂੰ ਝੂਠ ਬੋਲ ਕੇਜੀ
ਚੂਹਾ ਇਕ ਸਿਖਾਏ ਜੀ ਰੇਲਕੀਤਾ ਕਰੇਰੇਲਮਾਰੇ ਦਦ ਰੇਲਕੇਜੀ ।ਕਿਸ਼ਨ
ਸਿੰਘ ਟੱਲੀ ਦੁਖ ਨਾਲ ਬੱਧੀ ਟੱਲੀ ਨਾਲ ਹੱਸੀ ਇਕ ਟੋਲ ਕੇ ਜੀ॥੨੫॥

ਦਗੇ ਨਾਲ ਉਹ ਬਾਜ਼ੀਅ ਜਿਤਦਾ ਹੈ ਅਤੇ ਮਾਰਦਾ ਰਾਜਿਆਂਰਾਣਿਆਂ ਨੂੰ
ਕੈਦ ਕੀਤੇ ਪਏ ਵੇਣ ਕੂੜਾਨਾਹੀਂ ਦੇਂਵਦਾਜਾਣ ਨਿਮਾਣਿਆਂ ਨੂੰ।ਕਈ ਮਾਰ
ਤਲਵਾਰ ਦੋਚਾਰ ਟੁਕੜੇ ਅਤੇ ਰਖਿਆ ਸਿਰ ਨਿਤਾਣਿਆਂਨੂੰ। ਕਿਸ਼ਨ ਸਿੰਘ
ਨ ਉਸਨੂੰ ਕੋਈ ਮਿਲਿਆ ਖੇਤ ਬੀਜਦਾ ਭੁਨਿਆਂ ਦਾਣਿਆਂ ਨੂੰ ।।੨੬॥

ਤੈਨੂੰ ਉਸ ਦਾ ਖੂਬ ਇਲਾਜ ਦਸਾਂ ਬੱਚਾ ਬਿਲੀ ਦਾ ਲਿਆ ਇਕ ਪਾਲ
ਭਾਈ। ਪਾਸਾ ਖੇਡ ਤੇ ਸਿਖਾ ਬੈਠਾਲ ਉਹਨੂੰ ਚੂਹੇ ਮਾਰਨੇ ਖੂਬ ਸਿਖਾਲ
ਭਾਈ। ਜਦੋਂ ਸਿਖ ਬਿਲੀ ਖਬਰਦਾਰ ਹੋਵੇ ਫੇਰ ਖੇਲ ਸਿਰਕੱਪ ਦੇ ਨਾਲ
ਭਾਈ। ਕਿਸ਼ਨ ਸਿੰਘ ਸਿਰੋ ਸਿਰ ਬਾਜ਼ੀ ਲਏ ਕੇ ਤੂੰ ਏਵੇਂ ਗੁਆਏਂਗਾ
ਵਕਤ ਨ ਟਾਲ ਭਾਈ ॥੨੭॥

ਬਿਲੀ ਇਕ ਰਸਾਲੂ ਨੇਆਣ ਪਾਲੀ ਅਤੇ ਉਸਨੂੰ ਵਲਸਿਖਾਇਆ ਈ।ਚੂਹੇ
ਪਕੜਨੇ ਨੂੰ ਮਿਸਲ ਸ਼ੇਰਹੋਈ ਪਾਸਾ ਖੇਲਕੇ ਪਾਸ ਬਿਠਾਇਆ ਈ। ਲਿਆ
ਯਾਰ ਨੂੰ ਨਾਲਤੇਸਾਥ ਬਿੱਲੀ ਉਠ ਤਰਫ ਸਿਰਕੱਪ ਸਿਧਾਇਆ ਈ।ਕਿਸ਼ਨ
ਸਿੰਘ ਲੈਕੇ ਮਿਲਿਆਦਸਤ-ਪੰਜਾ ਬੜੇਅਦਬਦੇ ਨਾਲ ਬੁਲਾਇਆਈ।੨੮।

ਕਿਹਾ ਰਾਜੇ ਸਿਰਕੱਪ ਨੇ ਆਉਬੈਠੋ ਬੜੀ ਦਯਾ ਹੋਈ ਮਹਾਰਾਜ ਪਿਆਰੇ
ਦੂਰੋਂ ਆਏਕੇ ਦਰਸ ਦੀਦਾਰ ਦਿਤਾ ਸਾਡੇ ਭਾਗ ਜਾਗੇ ਸੁਤੇ ਆਜ ਪਿਆਰੇ।
ਕਈਆਂ ਦਿਨਾਂ ਦੇ ਆਏ ਹੋ ਸ਼ਹਿਰ ਸਾਡੇ ਦੀਆਂ ਦਰਸ਼ਨ ਕੀਆ ਆ ਕਾਜ
ਪਿਆਰੇ। ਕਿਸ਼ਨ ਸਿੰਘ ਸਿਰਕਪ ਜਿਉਂ ਬੇਰ ਕਾਠਾ ਉਤੋਂ ਨਰਮ ਵਿਚੋਂ
ਸਖਤ ਪਾਜ ਪਿਆਰੇ ।੨੯।।

ਕਿਹਾਰਾਜੇ ਰਸਾਲੂਨੇ ਦਇਆਤੇਰੀ ਤੇਰਾਆਸਰਾ ਤਕਕੇ ਆਇਆਮੈਂ। ਦਿਤਾ
ਦੇਸ਼ ਨਿਕਾਲੜਾ ਬਾਪ ਮੈਨੂੰ ਹਾਂਰਾਜੇ ਸਲਵਾਨ ਦਾ ਜਾਇਆ ਮੈਂ।ਇਹ ਯਾਰ
ਮਿਲਿਆਰਿਹਾਪਾਸ ਇਸਦੇਨਾਹੀਂਆਇਆ ਬਹੁਤਸ਼ਰਮਾਯਾਮੈਂ।ਕਿਸ਼ਨਸਿੰਘ

ਲਾਚਾਰ ਜਦ ਯਾਰ ਕਿਹਾ ਅਜ ਆਏ ਤੇਰਾ ਦਰਸ਼ਨ ਪਾਇਆ ਮੈਂ॥੩੦॥

ਬਾਜ਼ੀ ਖੇਡਣੇ ਦਾ ਬੜਾ ਸ਼ੌਕ ਮੈਨੂੰ ਤੇਰਾ ਨਾਮ ਐਸਾ ਇਜ਼ਹਾਰ ਹੋਇਆ।
ਜੂਆ ਖੇਲਿਆ ਕੌਰਵਾਂ ਪਾਂਡਵਾਂ ਨੇ ਰਾਜਾ ਨਲ ਬੜਾ ਹੁਸ਼ਿਆਰ ਹੋਯਾ ਰਾਜਨੀਤ
ਵਾਲੇ ਚਾਲੇ ਜਾਣੇ ਸਾਰੇ ਜਿਹੜਾ ਵਿਚ ਜੂਏ ਖਬਰਦਾਰ ਹੋਇਆ। ਕਿਸ਼ਨ ਸਿੰਘ
ਪਹਿਲੇ ਨਿਜਸਜ਼ਾਣ ਜੂਆ ਸਭ ਇਹ ਕਾਰ ਵਿਹਾ੦ ਹੋਇਆ ।੩੧।

ਚੌਪਟ ਆਇ ਵਿਛਾਇਆ ਚਾਕਰਾਂ ਨੇ ਦੋਵੇਂ ਬੈਠ ਗਏ ਬਾਜ਼ੀ ਖੇਲਣੇ ਨੂੰ।
ਲਾਲ ਕੱਢ ਰਸਾਲੂ ਨੇ ਰਖ ਦਿਤਾ ਚੂਹਾ ਨਿਕਲ ਆਯਾ ਨਰਦ ਰੇਲਣੇ ਨੂੰ।
ਬਾਜ਼ੀ ਲਾਇ ਪਹਿਲੀ ਕੰਵਰ ਹਾਰ ਦਿੱਤੀ ਦੂਜਾ ਲਾਲ ਧਰਿਆ ਨਰਦ ਰੇਲਣੇ ਨੂੰ।
ਕਿਸ਼ਨ ਸਿੰਘ ਬਾਜ਼ੀ ਦੂਜੀ ਜਿਤ ਲੀਤੀ ਹੱਥ ਮਾਰਿਆ ਮਾਲ ਦੇ ਮੇਲਣੇ ਨੂੰ.੩੨।

ਬਾਜ਼ੀ ਤੀਸਰੀ ਦੀ ਜਦੋਂ ਵਾਰ ਆਈ ਪਿਅ ਦਾਓ ਰਸਾਲੂ ਦੇ ਪਾਵਣੇ ਨੂੰ।ਰੱਸੀ
ਨਾਲ ਟੱਲੀ ਖੜਕਾਏ ਦਿਤੀ ਚੂਹਾ ਨਿਕਲਿਆ ਨਰਦ ਹਿਲਾਵਣੇ ਨੂੰ। ਬਿਲੀ
ਛੱਡ ਰਸਾਲੂ ਨੇ ਨਰਦ ਮਾਰੀ ਚੂਹਾ ਵੇੜਿਆ ਜਾਨ ਬਚਾਵਣੇ ਨੂੰ। ਕਿਸ਼ਨ ਸਿੰਘ
ਰਸਾਲੂ ਨੇ ਦਾਓ ਪਾਇਆ ਆਈਆਂ ਲੜਕੀਆਂ ਨਾਚ ਦਿਖਾਵਣੇ ਨੂੰ ।੩੩।

ਸੁੰਦਰ ਸੋਹਣੀਆਂ ਮੋਹਣੀਆਂ ਵਾਂਗ ਪਰੀਆਂ ਕਿੰਗ ਮਧਤਾ ਰੰਗ ਬਜਾਏ
ਰਹੀਆਂ। ਲਲਤ ਭੈਰਵੀ ਸਿੰਧਵੀ ਔਰ ਗੁਜਰੀ ਰੰਗ ਰੰਗ ਦੇ ਰਾਗ ਸੁਣਾਏ
ਰਹੀਆਂ। ਲੋਟ-ਪੋਟ ਕਬੂਤਰਾਂ ਵਾਂਗ ਹੋਵਣ ਬੜੇ ਨਾਜ਼ ਅਦਾ ਸੇਂ ਗਾਏ
ਰਹੀਆਂ। ਕਿਸ਼ਨ ਸਿੰਘ ਨ ਭਰਮਿਆ ਭਗਤ ਪੂਰਨ ਜਾਦੂ ਹੁਸਨ ਦੇ ਪਾਏ
ਭਰਮਾਏ ਰਹੀਆਂ ॥ ੩੪ ॥

ਲਿਆ ਜਿਤ ਸਿਰਕਪ ਦਾ ਰਾਜ ਸਾਰਾ ਘੋੜੇ ਫਾਲ ਤੇ ਕੁਲ ਅਸਬਾਬ ਲੋਕੋ।
ਸਣੇ ਰਾਣੀਆਂ ਮਹਿਲ ਮਕਾਨ ਜਿਤੇ ਹੋਰ ਦੌਲਤਾਂ ਬੇ-ਹਿਸਾਬ ਲੋਕੋ। ਕੜਕ
ਸੀਸ ਸਿਰਕੱਪ ਨੇ ਹਾਰ ਦਿਤਾ ਉਡ ਗਈ ਚਿਹਰੇ ਉਤੋਂ ਆਬ ਲੋਕੋ। ਕਿਸ਼ਨ
ਸਿੰਘ ਰਸਾਲੂ ਨੇ ਖਿੱਚ ਖੰਡਾ ਕਿਹਾ ਕਰਾਂ ਹੁਣ ਮਾਰ ਕਬਾਬ ਲੋਕੋ ।੩੫।

ਦਗੇ ਨਾਲ ਤੈਂ ਮਾਰਿਆ ਰਾਜਿਆਂ ਨੂੰ ਹਤਿਆਰਿਆ ਖੂਨ ਗੁਜ਼ਾਰਿਆ ਓਏ
ਰਾਜਾ ਹੋਏ ਅਨਿਆਏ ਤੇ ਲੱਕ ਬਧੇ ਧਰਮ ਕਰਮ ਤੇ ਸ਼ਰਮ ਬਿਸਾਰਿਆ
ਓਏ। ਜੂਆ ਪਾਪੀਆਂ ਦਾ ਕਸਬ ਪਕੜਿਆ ਈ ਕੀਤਾ ਪਾਪ ਤੈਂ ਜਨਮ
ਚਾ ਹਾਰਿਆ ਓਏ। ਕਿਸ਼ਨ ਸਿੰਘ ਕੀ ਜੱਗ ਤੇ ਆਏ ਲੀਤੇ ਦਿਤਾ ਦਾਨ ਨ
ਨਾਮ ਚਿਤਾਰਿਆ ਓਏ ॥ ੩੬ ॥



ਕਰਾਂ ਮਾਰ ਤਲਵਾਰ ਦੇ ਚਾਰ ਟੁਕੜੇ ਮਦਦਗਾਰ ਵੇਖਾਂ ਤੇਰਾ ਕੌਣ ਹੈ
ਓਏ। ਤੈਨੂੰ ਆਸਰਾ ਇਕ ਅਖੇਲ ਦਾ ਏ ਜਿਸਦੀ ਤਾਬਿਆ ਮੇਂ ਤੀਨ ਭਵਨ
ਹੈ ਓਏ। ਕੇਸ ਪਕੜ ਰਸਾਲੂ ਨੇ ਮੂਹੋਂ ਕਿਹਾ ਖੰਡਾ ਮਾਰ ਵਢਾਂ ਤੇਰੀ ਧੌਣ
ਹੈ ਉਏ। ਕਿਸ਼ਨ ਸਿੰਘ ਸਿਰਕਪ ਨੇ ਹਥ ਜੋੜੇ ਕਿਹਾ ਰੱਖ ਦੁਨੀਆਂ
ਆਵਾਗੌਣ ਹੈ ਉਏ। ੩੭॥

ਆਤਰ ਹੋਏ ਸਿਰਕੱਪ ਨੇ ਅਰਜ਼ ਕੀਤੀ ਹੋਇਆ ਅੱਜ ਮੈਂ ਨਫਰ ਗੁਲਾਮ
ਤੇਰਾ। ਮੈਨੂੰ ਬਖਸ਼ ਹੁਣ ਰੱਬ ਦਾ ਵਾਸਤਾ ਈ ਸਦਾ ਜਪਦਾ ਰਹਾਂਗਾ ਨਾਮ ਤੇਰਾ।
ਹੁਕਮ ਕਰੇਂ ਸੋ ਮੰਨਸਾਂ ਸੀਸ ਉਤੇ ਹੋਇਆ ਰਾਜ ਤੇ ਦੇਸ ਤਮਾਮ ਤੇਰਾ। ਕਿਸ਼ਨ
ਸਿੰਘ ਮੈਂ ਹਾਰਿਆ ਜਿਤਿਆ ਤੂੰ ਮੈਨੂੰ ਜਿਤ ਲੀਤਾ ਹੋਇਆ ਕਾਮ ਤੇਰਾ ।੩੮।

ਕਿਹਾ ਰਾਜੇ ਰਸਾਲੂ ਨੇ ਬਹੁਤ ਅੱਛਾ ਜਿਹੜਾ ਨਿਮਰੇ ਤਿਨਾਂ ਨੂੰ ਮਾਰਨਾ ਕੀ
ਜਾਹ ਬਖਸ਼ ਦਿਤੀ ਹੁਨ ਜ ਨ ਤੇਰੀ ਪੈਰੀਂ ਪਿਆ ਦਾ ਸੀਸ ਉਤਾਰਨਾ ਕੀ।
ਤੇਰਾ ਰਾਜ ਹੈ ਪਿਆਰਿਆ ਮੌਜ ਕਰ ਤੂੰ ਅਸਾ ਕਿਸੇ ਦਾ ਕੰਮ ਵਿਗਾੜਨਾ ਕੀ।
ਕਿਸ਼ਨ ਸਿੰਘ ਕਰ ਜੂਏ ਦੀ ਕਸਮ ਪਹਿਲੇ ਸਾਰ ਹੋਏ ਕੇ ਜਿਤਨਾ ਹਾਰਨਾ
ਕੀ ॥ ੩੯ ॥

ਕੈਦੀ ਕੈਦ ਤੋਂ ਸਭ ਆਜ਼ਾਦ ਕਰਦੇ ਘੋੜੇ ਨਿਆ ਤਾਂ ਦੇਕੇ ਨਾਲ ਭਾਈ
ਡੋਲੀ ਪਾਏ ਕੇ ਵਿਆਹ ਕੁਆਰੀਆਂ ਨੂੰ ਜਾਵਣ ਘਰਾਂ ਨੂੰ ਹਏ ਨਿਹਾਲ ਭਾਈ।
ਜਿਹੜੇ ਮੋਏ ਸੋ ਫੂਕ ਜਲਾਏ ਦੇਹੋ ਕਿਸੇ ਮੋੜਨਾ ਕਦੇ ਨ ਕਲ ਭਾਈ। ਕਿਸ਼ਨ
ਸਿੰਘ ਸਿਰਕੱਪ ਨੇ ਤਿਵੇਂ ਕੀਤੀ ਜਿਵੇਂ ਰਾਜੇ ਰਸਾਲੂ ਸਵਾਲ ਭਾਈ॥੪੦॥

ਕਿਹਾ ਫੇਰ ਸਿਰਕਪ ਰਸਾਲੂ ਤਾਈਂ ਬੇਟੀ ਇਕ ਮੇਰੀ ਆਪ ਲੀਜੀਏ ਜੀ।
ਧੌਲਰ ਵਖਰੇ ਪਾਏਕੇ ਰਹੋ ਓਥੇ ਕੋਈ ਰੋਜ਼ ਸਾਨੂੰ ਦਰਸ਼ਨ ਦੀਜੀਏ ਜੀ।
ਕੰਵਰ ਆਖਿਆ ਰਹਾਂਗਾ ਪਾਸ ਤੇਰੇ ਐਪਰ ਇਸ ਤੇ ਕਦੀ ਨ ਕੀਜੀਏ ਜੀ। ਕਿਸ਼ਨ
ਸਿੰਘ ਡਾਢੀ ਜਾਤ ਇਸਤ੍ਰੀ ਦੀ ਜਾਤ ਪਰ ਸ਼ਾਹੀਂ ਪਤੀਜੀਏ ਜੀ ॥੪੧॥

ਕਿਹਾ ਫਰ ਸਿਰਕੱਪ ਨੇ ਦੋਸ਼ ਨਾਹੀਂ ਚੰਗੀ ਇਸਤ੍ਰੀ ਨੇਕ ਨਿਹਾਦ ਹੋਵੇ।
ਸੂਰਤ ਸੀਰਤੋਂ ਖੂਬ ਤੇ ਸ਼ਰਮਵਾਲੀ ਜਿਹਦੇ ਨਾਲ ਮਿਲ ਕੇ ਦਿਲ ਸ਼ਾਦ ਹੋਵੇ
ਪਰ ਨਾਰ ਬਦਕਾਰ ਤੇ ਪਰੇ ਰਹੀਏ ਬੁਰੇ ਨਾਲ ਜੋ ਮਿਲੇ ਬਰਬਾਦ ਹੋਵੇ। ਕਿਸ਼ਨ
ਸਿੰਘ ਜੇ ਮਰਦ ਸਭ ਰਹਿਣ ਐਵੇਂ ਕਿਥੋਂ ਕਹੋ ਜਹਾਨ ਆਬਾਦ ਹੋਵੇ।੪੨।

ਕਿਹਾ ਫੇਰ ਰਸਾਲੂ ਨੇ ਸੁਣੀ ਗਾਜਾ ਇਹਨਾਂ ਰੰਨਾਂ ਦੇ ਕਸਬ ਕਹਾਣੀਆਂ ਨੂੰ।

ਰਾਮਚੰਦ ਜਹੇ ਫਿਕਰਮੰਦ ਕੋ ਤੇ ਅਤੇ ਮਾਰਿਆ ਰਾਜਿਆਂ ਹਾਣਿਆਂ ਨੂੰ।ਰਾਣੀ ਤੇ
ਉਤੇ ਅਸਵਾਰ ਹੋਈਆਂ ਗਿਆ ਭਰਥਰੀ ਛੋੜ ਟਿਕਾਣਿਆਂ ਨੂੰ।ਕਿਸ਼ਨ ਸਿੰਘ
ਤਮਾਮ ਇਮਾਮ ਕੁਠੇ ਅਤੇ ਮਾਰਿਆ ਇਸ਼ਕ ਵਿਕਾਣਿਆਂ ਨੂੰ ॥ ੪੩ ॥

ਕਿਹਾ ਫੇਰ ਸਿਰਕੱਪ ਨੇਸਰ ਆਖੇਂ ਤਾਂ ਭੀ ਇਸਤ੍ਰੀ ਮਰਦ ਨੂੰ ਯੋਗ ਹੈਜੀ।
ਜਤ ਜੀਵਨੇ ਦਾ ਇਹੋ ਫਲ ਕਹਿੰਦਾ ਇਕ ਨਾਮ ਸਾਹਿਬ ਦੂਜਾ ਭੋਗ ਹੈਜੀ।
ਵਲੀ ਪੀਰ ਫਕੀਰ ਪੈਗੰਬਰਾਂ ਦਾ ਨਾਲਨਾਰੀਆਦੇ ਸੰਯੋਗਹੈਜੀ।ਕਿਸ਼ਨਸਿੰਘ
ਮੇਹਰੀ ਮਰਦ ਮਿਲਤ ਜਦੋਂ ਦੂਰਹੋਵੇ ਤਦੋਂ ਸਾਰਾ ਵਿਯੋਗ ਹੈ ਜੀ ।੪੪।

ਕੰਵਰ ਆਖਿਆ ਕਰਾਂਗਾ ਕੰਮ ਐਸਾ ਜੰਮੀ ਅਜ ਦੀ ਮਿਲੇ ਜੇ ਨਾਰ
ਕੋਈ। ਕਿਹਾ ਰਾਜੇ ਸਿਰਕਪ ਨੇ ਬਹੁਤ ਚੰਗੀ ਲੜਕੀ ਅਜ ਮੇਰੇ ਪੈਦਾਵਾਰ
ਹੋਈ।ਪੋਲਰ ਵੱਖਰੇ ਵਿਚ ਵਸਾਓ ਉਸਨੂੰ ਖਾਸ ਰੱਖ ਦਈਏ ਖਿਦਮਤਗਾਰ
ਕੋਈ। ਕਿਸ਼ਨ ਸਿੰਘ ਦਾਈਆਂ ਮਾਈਆਂ ਪਾਸ ਰਹਿਸਣ ਤੇਰੇ ਹੁਕਮ ਦਾ
ਨਹੀਂ ਇਨਕਾਰ ਕੋਈ ॥੪੫॥

ਕਿਹਾ ਰਾਜੇ ਰਸਾਲੂ ਨੇ ਬਹੁਤ ਚੰਗਾ ਪੋਲਰ ਵੱਖਰੇ ਵਿਚ ਵਸਾਵਸਾਂ ਮੈਂ
ਜਦੋਂ ਹੋਵਸੀ ਖੂਬ ਜਵਾਨ ਰਾਣੀ ਲੈਕੇ ਆਪਣੇ ਦੇਸ ਨੂੰ ਜਾਵਸਾਂ ਮੈ। ਬਾਰਾਂ
ਬਰਸ ਇਥੋਂ ਨਹੀਂ ਜਾਵਣਾ ਹੈ ਸੋਈ ਤੁਸਾਂ ਦੇ ਪਾਸ ਲੰਘਾਵਸਾਂ ਮੈਂ।ਕਿਸ਼ਨ
ਸਿੰਘ ਸਿਰਕੱਪ ਨੇ ਅਰਜ਼ ਕੀਤੀ ਤੇਰਾ ਹੁਕਮ ਬਜਾਏ ਲਿਆਵਸਾਂਮੈਂ ।੪੬।

ਰਾਣੀ ਕੋਕਲਾਂ ਦਾਈ ਦੇ ਗੋਦ ਪਾਈ ਅਤੇ ਗੋਲੀਆਂ ਕੋਲ ਖਿਡਾਵਣੇ
ਨੂੰ। ਸੁੰਦਰ ਤੋਤੇ ਦਾ ਪਿੰਜਰਾ ਪਾਸ ਪਾਇਆ ਅਤੇ ਨਾਲ ਮੈਨਾ ਪੜ੍ਹਾਵਣੇ ਨੂੰ।
ਬਾਰਾਂ ਬਰਸ ਦੀ ਜਦੋਂ ਜਵਾਨ ਹੋਈ ਪਰੀਆਂ ਉਡ ਆਈਆਂ ਦਰਸ਼ਨ
ਪਾਵਣੇ ਨੂੰ। ਕਿਸ਼ਨ ਸਿੰਘ ਕੀ ਹੁਸਨ ਦੀ ਸਿਫਤ ਕਰੀਏ ਦੇਖ ਦਿਲ ਨ
ਰਾਹੁੰਦਾ ਆਵਣੇ ਨੂੰ ॥ ੪੭ ॥

ਜ਼ੁਲਫਾਂ ਨਾਗਕਾਲੇ ਚਿਹਰਾ ਚੰਦ ਜਿਹਾ ਸ਼ਮਸ ਦੇਖ ਚਸ਼ਮਾ ਨੂਰ
ਦਾ ਸੀ। ਨਕ ਖੰਡੇ ਦੀ ਧਾਰ ਜਿਓ ਗੱਲ੍ਹਾਂ ਗਰਦਨ ਕੂੰਜ ਦੇ ਹੁਸਨ ਜ਼ਹੂਰ
ਦਾ ਸੀ। ਕੱਦ ਸਰੂ ਅਤੇ ਸੀਨਾ ਸਾਫ ਸੁੰਦਰ ਚਾਲ ਫੀਲ ਦਿਲ ਮੱਸਤ
ਮਖਮੂਰ ਦਾ ਸੀ। ਕਿਸ਼ਨ ਸਿੰਘ ਜੋ ਹੋਵਣਾ ਸੋਈ ਹੋਈ ਰਾਣੀ ਕੋਕਲਾਂ ਕੰਮ
ਸ਼ਊਰ ਦਾ ਸੀ ।੪੮।



ਇਕ ਰੋਜ਼ ਰਾਣੀ ਬਾਰੀ ਵਿਚ ਬੈਠੀ ਅਤੇ ਤਕਦੀ ਸੀ ਤਲੇ ਵਲ ਪਿਆਰੇ।
ਆਇਆ ਇਕਰਾਜਾ ਅਸਵਾਰਘੋੜੇਹੋਡੀਨਾਮਤੇ ਖੂਬ ਸ਼ਕਲ ਪਿਆਰੇ।ਸੂਰਤ
ਰਾਣੀਦੀਵੇਖ ਬੇਤਾਬਹੋਇਆ ਅਤੇਅਗਾਂਨਸਕਿਆਹਲ ਪਿਆਰੇ।ਕਿਸ਼ਨਸਿੰਘ
ਕਹਿੰਦਾ ਪਾਣੀ। ਪਿਆਸ ਲਗੀ ਬਿਰਹੋਂ ਨਾਲ ਗਿਆ ਜਲ ਪਿਆਰੇ॥੪੯।

ਦੇਖ ਕੋਕਲਾਂਹੋਡੀ ਨੂੰ ਦੰਗ ਹੋਈ ਕਿਹਾ ਆ ਪਿਆਰੇ ਕਿਹਾ ਆ ਪਿਆਰੇ।
ਘੋੜਾ ਬੰਨਕੇ ਆਤੂੰ ਮਹਿਲ ਉਤੇ ਨਹੀਂ ਜਾਹ ਪਿਆਰੇ ਨਹੀਂ ਜਾਹ ਪਿਆਰੇ।ਤੇਰੇ
ਇਸ਼ਕਦੀ ਅੱਗਨੇ ਸਾੜਿਆ ਮੈਂ ਸੀਨੇ ਲਾਏ ਪਿਆਰੇ ਸੀਨੇ ਲਾਏ ਪਿਆਰੇ।
ਕਿਸ਼ਨਸਿੰਘ ਕੁਰਬਾਨਹੈ ਜਾਨ ਮੇਰੀਕਰੀਂ ਭਾਪਿਆਰੇ ਕਹੀਂ ਭਾਪਿਆਰੇ।੫੦।

ਹੋਡੀ ਬੰਨ੍ਹ ਘੋੜਾ ਗਿਆ ਮਹਿਲ ਉਤੇ ਮਿਲਿਆ ਕੋਕਲਾਂ ਨੂੰ ਹੱਸ ਹਸ ਕੇ
ਜੀ।ਰਲ ਮਿਲ ਬੈਠੇਦੋਵੇਂ ਮੀਤ ਪਿਆਰੇ ਖੂਬਸੇਜ ਸੁਹਾਵਨੀ ਕੱਸਕੇ ਜੀ।ਸੀਨੇ
ਠੰਢ ਪਈ ਦੋਹਾਂ ਪਿਆਰਿਆਂਦੇਗਿਆ ਪਰੇਮਵਾਲਾਬਦਲ ਵਸਕੇਜੀ।ਕਿਸ਼ਨ
ਸਿੰਘ ਦੇਖੋ ਰਾਣੀਕੋਕਲਾਂਨੂੰ ਮੈਨਾ ਕਹਿੰਦੀਹੈ ਗੱਲ ਇਕ ਹੱਸਕੇ ਜੀ ॥੫੧॥

ਸੁਣੀ ਰਾਣੀਏਂ ਤੂੰਐਵੇਂ ਜਾਣੀਏਂ ਨੀਭਈਏ ਖਾਣੀਏਂ ਨੀਕਹਿਰ ਕਮ ਇਆ
ਈ।ਲੱਜਵੱਢੀਆ ਪੇਕਿਆਂ ਸੌਹਰਿਆਂਦੀ ਮਨੁਸ਼ਜੀਉ ਦਿਆਂਧਾਰ ਬਣਾਇਆ
ਈ।ਜਤ ਸਤ ਗਵਾਏ ਬੇ-ਧਰਮ ਹੋਈਓਂ ਦੁੱਖਪਾਵਸੇਂ ਦਗਾ ਕਮਾਇਆਈ।
ਕਿਸ਼ਨਸਿੰਘ ਸੁਹਾਗ ਤੇਭਾਗ ਵਾਲੀਨਾਗ ਜਾਣ ਗਲਵਿਚ ਪਾਜਾਈ।।੫੨।

ਰਾਣੀ ਆਖਿਆ ਮੈਨਾ ਨੂੰ ਤੂਪਕਰਨਾ ਨਹੀਂ ਮਾਰਕੇ ਜਾਨ ਗਵਾਏ ਦੇਸਾਂ।
ਗਲਾ ਘੁਟਕੇ ਪੁਟਕੇ ਵਾਲਸਾਰੇ ਪਰੇਸੁੱਟਕੇਕਿਤੇ ਗਵਾਏਦੇਸਾਂ ਬਿੱਲੀ ਮੈਨਾਂਨੂੰ
ਮਾਰਕੇ ਖਾਏ ਗਈ ਰਾਜੇ ਆਂਵਦੇ ਨੂੰ ਸਮਝਾਏ ਦੇਸਾਂ।ਕਿਸ਼ਨਸਿੰਘ ਮੈਂ ਯਾਰ
ਦੇ ਨਾਲ ਰਹਿਸਾਂ ਤੈਨੂੰ ਮਾਰ ਮੁਕਾਏ ਖਪਾਏ ਦੇਸਾਂ ।੫੩॥

ਮੈਨਾ ਕਿਹਾਮੈਂ ਤੇਰੀਨ ਇਕਮੰਨਾਂ ਭਾਵੇਂ ਮਾਰਮੈਨੂੰ ਹਤਿਆਰੀਏ ਨੀ।ਰਾਜੇ
ਆਂਵਦੇਨੂੰ ਤੇਰਾ ਹਾਲ ਦੱਸਾਂਜਿਹੜੇ ਕਰੇਂਕਾਰੇ ਕਾਰੇ-ਹਾਰੀਏਨੀ।ਮਰਦ ਓਪਰੇ
ਨਾਲ ਨਿਹਾਲ ਹੋਈਮੈਂ ਵਿਭਚਾਰ ਕਰੇਂ ਵਿਭਚਾਰੀਏ ਨੀ।ਕਿਸ਼ਨ ਸਿੰਘ ਯਾਹ
ਸੰਗ ਨਿਸੰਗ ਹੋਈਏਂ ਅੰਤ ਤੰਗ ਹੋਸੇ ਸਾਈਂ ਮਾਰੀਏ ਨੀ ॥੫੪॥

ਰਾਣੀ ਮਾਰਕੇ ਮੈਨਾਦੀ ਜਾਨ ਕੱਢੀ ਗਲਾ ਘੁਟਕੇ ਕਿਤੇਜਾ ਸੁੱਟਿਆ ਸੂ।
ਤੋਤਾ ਆਖਦਾ ਰਾਣੀਏਂ ਭਲਾ ਕੀਤੋ ਬੋਲੀ ਆਪਣੀਦੀ ਖੱਟੀ ਖਟਿਆ ਸੁ।

ਭੈੜੀ ਹੋਨ ਬਦਕਾਰ ਖਸਮ ਮੋਈ ਰੰਗੀ ਜੜ੍ਹ ਆਪਣੀ ਆਪ ਹੀ ਪਟਿਆ ਸੂ।
ਕਿਸ਼ਨਸਿੰਘ ਮੈਂ ਮੂਲ ਨ ਬੋਲਿਆ ਹਾਂ ਤੰਦ ਮੋਹਵਾਲਾ ਮੈਨੂੰ ਕਟਿਆ ਸੂ।੫੫।

ਤੋਤਾ ਆਖਦਾ ਰਾਣੀਏਂ ਕਢ ਮੈਨੂੰ ਜ਼ਰਾ ਲਵਾਂ ਜਹਾਨ ਦੀ ਵਾਏ ਇਥੇ।
ਕਈ ਸਾਲ ਹੋਏ ਵਿਚ ਪਿੰਜਰੇ ਦੇ ਮੈਨੂੰ ਛਡਿਆ ਰਾਜੇ ਨੇ ਪਾਏ ਇਥੇ।ਰਾਣੀ ਭੁਲ
ਇਵੇਂ ਤੋਤਾ ਛੱਡ ਦਿਤਾ ਬੈਠ ਸੁਧ ਤੇ ਬੁਧ ਗਵਾਏ ਇਥੇ।ਕਿਸ਼ਨ ਸਿੰਘ ਕੀ
ਕਿਸੇ ਨੂੰ ਦੋਸ਼ ਦੇਣਾ ਦਿਤਾ ਹੋਣੀ ਨੇ ਕੰਮ ਬਣਾਏ ਇਥੇ ।।੫੬।।

ਹੋਣੀ ਮਾਰਿਆ ਰਾਜਿਆਂ ਰਾਣਿਆਂ ਨੂੰ ਦੇਖੋ ਭਰਥਰੀ ਜਹੇ ਫਕੀਰ ਕੀਤੇ।
ਸੁਲੇਮਾਨ ਨੂੰ ਤਖਤ ਤੋਂ ਸੁਟਿਆ ਈ ਵਲੀ ਔਲੀਆ ਪਕੜ ਦਿਲਗੀਰ ਕੀਤੇ।
ਸੂਲੀਂ ਚਾਹੜ ਦਿਤੇ ਮਨਸੂਰ ਤਾਈਂ ਸ਼ਮਸ ਜਿਹੇ ਲੀਰੋ ਲੀਰ ਕੀਤੇ।ਕਿਸ਼ਨ
ਸਿੰਘ ਰਾਵਨ ਜਿਹੇ ਬਲੀ ਯੋਧੇ ਰਾਮ ਚੰਦ ਨੇ ਮਾਰ ਦਿਲਗੀਰ ਕੀਤੇ।੫੭।

ਦੁੱਖ ਦੇਵਣਾ ਕਿਸੇ ਨੂੰ ਨਹੀਂ ਚੰਗਾ ਵੈਰ ਕਿਸੇ ਦੇ ਨਾਲ ਨ ਰੱਖ ਭਾਈ।
ਇਕ ਕੱਖ ਦੁਖਾਵਣਾ ਭਲਾ ਨਾਹੀਂ ਮਾਰੇ ਜੋਤ ਪਵੇ ਵਿਚ ਅੱਖ ਭਾਈ।
ਵੈਰ ਪਵੇ ਜੇ ਨਾਲ ਫਕੀਰ ਦੇ ਵੀ ਓਹ ਵੀ ਮਾਰ ਆਹੀਂ ਲਵੇ ਭੱਖ ਭਾਈ।
ਕਿਸ਼ਨ ਸਿੰਘ ਤੋਤੇ ਦੇਖੋ ਜਹੀ ਕੀਤੀ ਕੀਤੀ ਮਾਰ ਕੇ ਕੱਖ ਤੋਂ ਲੱਖ
ਭਾਈ ।।੫੮।।

ਤੋਤਾ ਮਹਿਲ ਤੋਂ ਉਡਿਆ ਖਾਏ ਗੁਸਾ ਅਤੇ ਪਾਸ ਰਸਾਲੂ ਦੇ ਜਾਂਵਦਾ ਈ।
ਰਾਜਾ ਖੇਲਦਾ ਆ ਸ਼ਿਕਾਰ ਤਦੋਂ ਮਾਰ ਹਿਰਨ ਕਬਾਬ ਕਰਾਂਵਦਾ ਈ।ਉਹਨੂੰ
ਰੋਏ ਕੇ ਦਸਿਆ ਹਾਲ ਸਾਰਾ ਰਾਜਾ ਗਸ਼ ਸੀਨੇ ਅੰਦਰ ਖਾਂਵਦਾ ਈ। ਕਿਸ਼ਨ
ਸਿੰਘ ਸੁਣਾ ਤੂੰ ਤੋਤਿਆ ਓਏ ਸਾਰਾ ਹਾਲ ਰਾਜਾ ਫੁਰਮਾਂਵਦਾ ਈ ।।੫੯।।

ਤੋਤੇ ਆਖਿਆ ਕੋਕਲਾਂ ਕੱਚ ਕੀਤੋ ਇਕ ਯਾਰ ਨੂੰ ਪਾਸ ਬੁਲਾਇਆ ਸੂ।
ਓਹਦੇ ਨਾਲ ਬੈਠੀ ਮੌਜਾਂ ਮਾਨਣੇ ਨੂੰ ਧਰਮ ਕਰਮ ਤੇ ਸ਼ਰਮ ਗਵਾਇਆ ਸੂ।
ਏਸ ਗੱਲ ਤੋਂ ਮੈਨਾ ਨੇ ਮਨ੍ਹਾ ਕੀਤਾ ਗਲ ਘੁਟ ਕੇ ਪਾਰ ਲੰਘਾਇਆ ਸੂ।ਕਿਸ਼ਨ
ਸਿੰਘ ਮੈਂ ਨਾਲ ਫਰੇਬ ਆਇਆ ਕੈਦੋਂ ਕੱਢ ਆਜ਼ਾਦ ਕਰਾਇਆ ਸੂ।੬੦।

ਰਾਜੇ ਆਖਿਆ ਤੋਤਿਆ ਚਲ ਯਾਰਾ ਉਠ ਘੋੜੇ ਤੇ ਤੁਰਤ ਸਵਾਰ ਹੋਇਆ।
ਮਾਰ ਘੋੜੇ ਨੂੰ ਅੱਡੀਆਂ ਬਹੁਤ ਰਾਜਾ ਤਨੋਂ ਭੌਰ ਤਾਜ਼ੀ ਬੋਲਣਹਾਰ ਹੋਇਆ।
ਕਹਿੰਦਾ ਛੇਰ ਨ ਲਾ ਖਾਂ ਰਾਜਿਆ ਓਏ ਓੜਕ ਰੂਪ ਪਰ ਨਾਰ ਦਾ ਯਾਰ
ਹੋਇਆ।ਕਿਸ਼ਨ ਸਿੰਘ ਜਿਸ ਇਸ਼ਕ ਦਾ ਸਰ ਲੀਤਾ ਸੋਈ ਜਾਨ ਤਲੇ ਤਲਵਾਰ



ਹੋਇਆ ।।੬੧।।

ਉਧਰ ਆਇਆ ਰਸਾਲੂ ਦਰਿਆ ਕੰਢੇ ਏਧਰ ਹੋਡੀ ਵੀ ਲੰਘ ਕੇ ਪਾਰ ਗਿਆ
ਤੋਤੇ ਆਖਿਆ ਰਾਜਿਆ ਦੇਖ ਭਾਈ ਤੇਰੀ ਇਸਤ੍ਰੀ ਦਾ ਇਹੋ ਯਾਰ ਗਿਆ।ਕਿਹਾ
ਰਾਜੇ ਰਸਾਲੂ ਨੇ ਆਓ ਏਧਰ ਆਖਾ ਕਿਉਂ ਮੇਰੇ ਘਰ ਬਾਰ ਗਿਆ। ਕਿਸ਼ਨ
ਸਿੰਘ ਪਰ ਨਾਰ ਸਿਉਂ ਪਿਆਰ ਕਰਕੇ ਜਾਨ ਮਾਲ ਸਾਰਾ ਦੇਖੋ ਹਾਰ ਗਿਆ।੬੨।

ਹੋਡੀ ਹੱਸ ਕੇ ਆਖਿਆ ਵਾਹ ਭਾਈ ਲੈ ਮੈਂ ਚਲਿਆ ਹਾਂ ਖਬਰਦਾਰ ਆ ਜਾ।
ਤੇਰੇ ਜਿਹਾਂ ਤੋਂ ਮਾਰ ਨਾ ਖਾਵਸਾਂ ਮੈਂ ਭਾਵੇਂ ਪਕੜ ਕੇ ਢਾਲ ਤਲਵਾਰ ਆ ਜਾ।
ਭਾਵੇਂ ਹੋ ਪਿਆਦਾ ਹੱਥ ਦੇਖ ਮੇਰੇ ਭਾਵੇਂ ਪੀੜ ਘੋੜਾ ਅਸਵਾਰ ਆ ਜਾ।ਕਿਸ਼ਨ
ਸਿੰਘ ਲੜਨੋਂ ਨਹੀਂ ਮੂਲ ਡਰਨਾ ਲੜਨਾ ਹੋਵੇ ਤਾਂ ਬੰਨ੍ਹ ਹਥਿਆਰ ਆ ਜਾ।੬੩।

ਚੋਰ ਯਾਰ ਗਰੀਬ ਦਾ ਮਾਰਨਾ ਕੀ ਜਿਹੜੇ ਝਿੜਕ ਦਿਤੇ ਮਰ ਜਾਂਵਦੇ ਨੀ।
ਜਿਹੜੇ ਚੋਰੀਆਂ ਯਾਰੀਆਂ ਕਰਨ ਵਾਲੇ ਸੋਈ ਜਾਨ ਆਪਣੀ ਨੂੰ ਗਵਾਂਵਦੇ ਨੀ।
ਲਿਖੇ ਲੇਖ ਨਾਹੀਂ ਕੋਈ ਮੇਟ ਸਕੇ, ਲਿਖਿਆ ਅਪਣੇ ਕਰਮ ਦਾ ਪਾਂਵਦੇ ਨੀ।
ਕਿਸ਼ਨ ਸਿੰਘ ਮੰਦੀ ਕੰਮੀ ਹੋਏ ਮੰਦਾ ਹੁਣ ਸਭ ਦਾ ਨਾਮ ਸੁਣਾਂਵਦੇ ਨੀ।।੬੪।

ਪਕੜ ਢਾਲ ਤਲਵਾਰ ਆ ਲੜਣ ਲਗੇ ਘੋੜੇ ਛੋੜ ਦੋਵੇਂ ਸੂਰਬੀਰ ਲੋਕੋ।
ਕੀਤਾ ਰਾਜੇ ਰਸਾਲੂ ਨੇ ਝਪਟ ਐਸਾ ਦਿਤਾ ਸੀਸ ਹੋਡੀ ਸੰਦਾ ਚੀਰ ਲੋਕੋ।ਢਾਲ
ਰੱਖ ਅਗੇ ਤਲਵਾਰ ਮਾਰੀ ਟੁਕੜੇ ਚਾਰ ਹੋਗਿਆ ਸਰੀਰ ਲੋਕੋ।ਕਿਸ਼ਨ ਸਿੰਘ
ਜਿਉਂ ਸ਼ੇਰ ਨੂੰ ਸ਼ੇਰ ਮਾਰੇ ਤਿਵੇਂ ਮਾਰਿਆ ਮੀਰ ਨੂੰ ਮੀਰ ਲੋਕੋ ।।੬੫।।

ਮਾਰ ਹੋਡੀ ਨੂੰ ਭੁੰਨ ਕਬਾਬ ਕੀਤਾ ਰਾਜਾ ਬੰਨ੍ਹ ਪੱਲੇ ਅਸਵਾਰ ਹੋਇਆ।
ਸੁੰਦਰ ਤੋਤੇ ਨੂੰ ਲਿਆ ਸੂ ਹਥ ਉਤੇ ਘਰ ਆਪਣੇ ਆ ਨਦਕਾਰ ਹੋਇਆ।
ਘੋੜੇ ਛੋੜ ਗਿਆ ਪਾਸ ਕੋਕਲਾਂ ਦੇ ਗੱਲ ਪੁਛਸਭੇ ਖਬਰਦਾਰ ਹੋਇਆ।ਕਿਸ਼ਨ
ਸਿੰਘ ਕਬਾਬ ਨਿਕਾਲ ਦਿਤਾ ਰਾਣੀ ਖਾਏ ਕਹਿੰਦੀ ਮਜੇਦਾਰ ਹੋਇਆ।੬੬।

ਤੋਤੇ ਕਿਹਾ ਕਬਾਬ ਇਹ ਮਜ਼ੇ ਵਾਲੇ ਮਜ਼ੇਦਾਰ ਕਿਉਂ ਨ ਹੋਵਣ ਰਾਨੀਏ
ਨੀ। ਮੈਨਾ ਮਾਰ ਤੈਂ ਡਾ ਮੈਨੂੰ ਚਾਏ ਕੀਤਾ ਤੇਰਾ ਯਾਰ ਮੋਇਆ ਭਈਆ
ਖਾਣੀਏਂ ਨੀਂ।ਖਾਂਵੰਦ ਹੁੰਦਿਆਂ ਜਿਹੜੀਆਂ ਯਾਰ ਰੱਖਣ ਸੋ ਖੁਆਰ ਹੋਵਣ
ਇਵੇਂ ਜਾਣੀਏਂ ਨੀ। ਕਿਸ਼ਨ ਸਿੰਘ ਹਰਾਮ ਨੂੰ ਛੱਡ ਦਿਲੋਂ ਨਾਲ ਪੀਆ
ਆਪਣੇ ਮੌਜਾਂ ਮਾਣੀਏਂ ਨੀ ।। ੬੭ ।।

ਕਿਹਾ ਕੋਕਲਾਂ ਨੇਕ ਸਨ ਕਰਮ ਤੇਰੇ ਦਗੇ ਨਾਲ ਤੂੰ ਜਾਨ ਬਚਾਏ ਗਿਓਂ । ਵੈਰ ਆਪਣਾ ਮੂਲ ਨ ਛਡਿਉ ਈ ਮੇਰੇ ਨਾਲ ਤੂੰ ਘਾਤ ਕਮਾਏ ਗਿਓਂ । ਤੇਰੀ ਇਕ ਮੈਨਾਂ ਪਿਛੇ ਦੋਮੇਤੇ ਰਾਜਾ ਆਪਣਾ ਆਪ ਬਚਾਏ ਗਿਓਂ। ਕਿਸ਼ਨ ਸਿੰਘ ਹੋਡੀ ਪਿਛੇ ਮੋਈ ਮੈਂ ਵੀ ਪੰਖੀ ਹੋਏ ਕੇ ਫੰਦ ਚਲਾਏ ਗਿਓਂ ॥੬੮॥

ਰਾਜੇ ਆਖਿਆ ਨਾਰਪਰ ਵਾਰ ਕਰਨਾ ਨਾਹੀਂ ਮਰਦ ਤਾਈਂ ਭਲਾ ਡਾਰੀਏ ਨੀ। ਨਹੀਂ ਮਾਰ ਤਲਵਾਰ ਕਰ ਚਾਰ ਟੁਕੜੇ ਅਗੇ ਕੁਤਿਆਂ ਦੇ ਹੁਣ ਡਾਰੀਏ ਨੀ। ਹੋਵੇ ਰੰਨ ਬਦਕਾਰ ਛਨਾਰ ਭੈੜੀ ਇਕੋ ਮਾਰੀਏ ਇਕੋ ਨਿਕਾਰੀਏ ਨੀ। ਕਿਸ਼ਨ ਸਿੰਘ ਕੀ ਭੁਖ ਕੀ ਦੁਖ ਆਹਾ ਵਿਭਚਾਰ ਕਾਤੇ ਵਿਭਚਾਰੀਏ ਨੀ । ੬੯॥

ਰਾਣੀ ਕਕਲਾ ਇਕ ਕਲਾਮ ਕੀਤੀ ਕਹਿੰਦੀ ਮਾਰਿਆ ਹਾਰ ਤਕਦੀਰ ਮੈਨੂੰ । ਸੂਰਤ ਹੋਡੀ ਦੀ ਦੇਖ ਕੇ ਭੁਲ ਗਈ ਕੀਤਾ ਇਸ਼ਕ ਨੇ ਮਾਰ ਹਕੀਰ ਮੈਨੂੰ । ਮੇਰਾ ਯਾਰ ਮੋਇਆ ਮੈਂ ਭੀ ਨਾਲ ਮਰਸਾਂ ਗਿਆ ਤੀਰ ਵਿਛੋੜੇ ਦਾ ਚੀਰ ਮੈਨੂੰ । ਕਿਸ਼ਨ ਸਿੰਘ ਜੀਵਨ ਬਾਝ ਜਾਨੀਆਂ ਦੇ ਨਾਹੀਂ ਭਾਂਵਦਾ ਇਹ ਸਰੀਰ ਮੈਨੂੰ ॥ ੭੦ ॥

ਰਾਂਣੀ ਕੋਕਲਾਂ ਮਹਿਲ ਤੋਂ ਡਿਗ ਮੋਈ ਅਤੇ ਰਾਜੇ ਰਸਾਲੂ ਸੱਸਕਾਰ ਕੀਤਾ । ਧੌਲਰ ਛੱਡ ਸਿਰਕੱਪ ਦੇਪਾਸ ਗਿਆ ਸਾਰਾ ਹਾਲ ਆਏ ਇਜ਼ਹਾਰ ਕੀਤਾ । ਸੁਣੀ ਗੱਲ ਸਿਰਕਪ ਨੇ ਦੰਗ ਹੋਇਆ ਰੋਏ ਧੋਏ ਕੇ ਸ਼ੁਕਰ ਗੁਜ਼ਾਰ ਕੀਤਾ । ਕਿਸ਼ਨ ਸਿੰਘ ਪਿਆਰੇ ਇਹਨਾ ਨਾਰੀਆਂ ਨੇ ਕਿਸ ਕਿਸ ਨੂੰ ਨਹੀਂ ਖੁਆਰ ਕੀਤਾ ॥ ੭੧ ॥

ਮਜਨੂੰ ਲੇਲਾਂ ਦੇ ਇਸ਼ਕ ਨੇ ਗਰਦ ਕੀਤਾ ਰਾਂਝਾ ਹੀਰ ਦੇ ਮਗਰ ਫਕੀਰ ਹੋਇਆ। ਚੰਦਨ ਬਦਨ ਨੇ ਯਾਰ ਨੂੰ ਮਾਰ ਦਿਤਾ ਪੁਨੂੰ ਨਾਲ ਸੱਸੀ ਦਾ ਮਨਗੀਰ ਹੋਇਆ । ਮਿਰਜ਼ਾ ਸਾਹਿਬਾਂ ਦੇ ਪਿਛੇ ਜਲ ਮਰਿਆ ਮਹੀਂਵਾਲ ਦੇਖੋ ਗਹਿਰੇ ਨੀਰ ਖੋਇਆ ।ਕਿਸ਼ਨ ਸਿੰਘ ਜਹਾਨ ਨੂੰ ਜਾਨ ਪੰਖੀ ਜਾਲੀ ਜ਼ੁਲਫ ਦੀ ਵਿਚ ਅਸੀਰ ਹੋਇਆ ।।੭੨।।



ਰੁਖਸਤ ਮੰਗਣੀ ਰਾਜੇ ਰਸਾਲੂ ਦੀ ਰਾਜੇ ਸਿਰਕਪ ਕੋਲੋਂ ਅਤੇ ਜਾਣਾ ਆਪਣੇ ਵਤਨ ਨੂੰ

ਰੁਖਸਤ ਲੈ ਸਿਰਕਪ ਤੋਂ ਰਵਾਂ ਹੋਇਆ ਅਤੇ ਤੋਤੇ ਨੂੰ ਨਾਲ ਲੈ ਚਲਿਆ ਈ। ਕਹਿੰਦੇ ਹੈਨ ਫਿਰ ਸੌ ਵਿਆਹ ਕੀਤੇ ਫਤੇ ਲਈ ਜਿਸ ਦੇਸ ਨੂੰ ਹਲਿਆ ਸੀ । ਕਾਮ ਕੰਦਲਾਂ ਵੀ ਸੰਗਲਾ-ਦੀਪ ਵਿਚੋਂ ਆਂਦੀ ਵਿਆਹ ਜਾਂ ਪਰੇਮ ਪਥੱਲਿਆ ਈ। ਕਿਸ਼ਨ ਸਿੰਘ ਹੋਏ ਸਭੇ ਕੰਮ ਪੂਰੇ ਗੋਰਖ ਨਾਥ ਦਾ ਬੂਹਾ ਜਾ ਮਲਿਆ ਈ ।।੭੩ ।।

ਲਿਖਿਆ ਖਤ ਸਲਵਾਨ ਨੇ ਸਯਾਲ ਕੋਟੋਂ ਪਾਸ ਰਾਜੇ ਰਸਾਲੂ ਦੇ ਘਲਿਆ ਜੇ। ਬਾਰਾਂ ਬਰਸ ਗੁਜ਼ਰੇ ਤੈਨੂੰ ਗਿਆਂ ਘਰੋਂ ਸਾਡਾ ਜਿਗਰ ਵਿਛੋੜੇ ਨੇ ਸਲਿਆ ਜੇ। ਹੁਣ ਮਿਹਰ ਕਰਕੇ ਦਰਸ਼ਨ ਦਿਓ ਸਾਨੂੰ ਮੁਲਕ ਆਪਣਾ ਆਏ ਲੈ ਮਲਿਆ ਜੇ। ਕਿਸ਼ਨ ਸਿੰਘ ਇਕੋ ਪੁਤਰ ਨਿਕਲ ਗਿਆ ਦੁਖਾਂ ਨਾਲ ਸਾਡਾ ਜੀਉ ਜਲਿਆ ਜੇ ।।੭੪।।

ਓਥੋਂ ਰਾਜੇ ਰਸਾਲੂ ਨੇ ਕੂਚ ਕੀਤਾ ਘਰ ਆਪਣੇ ਆਣ ਅਬਾਦ ਹੋਇਆ । ਮਿਲਿਆ ਮਾਓਂ ਤੇ ਬਾਪ ਨੂੰ ਸ਼ਾਦ ਹੋ ਕੇ ਅਤੇ ਉਹਨਾਂ ਦਾ ਦਿਲ ਵੀ ਸ਼ਾਦ ਹੋਇਆ। ਦਿਤਾ ਰਾਜ ਰਸਾਲੂ ਨੂੰ ਸਲਵਾਨ ਰਾਜੇ ਅਤੇ ਆਪ ਅਲੱਗ ਅਜ਼ਾਦ ਹੋਇਆ। ਕਿਸ਼ਨ ਸਿੰਘ ਲਗਾ ਰਾਜਾ ਰਾਜ ਕਰਨੇ ਬੜਾ ਖੁਸ਼ੀ ਤੇ ਅਹਿਲ ਇਮਦਾਦ ਹੋਇਆ ।।੭੫।।

ਕੰਵਲ ਐਸ਼ ਬਹਾਰ ਦੇ ਵਿਚ ਰਿਹਾ ਅੰਤ ਹੋਏ ਨਿਆਈਂ ਸੁਖ ਪਾਇ ਗਿਆ। ਜਿਚਰ ਜੀਂਵਦਾ ਰਿਹਾ ਅਰਾਮ ਸ਼ੇਤੀ ਮੋਇਆਂ ਜਗ ਤੇ ਨਾਮ ਧਰਾਇ ਗਿਆ । ਦੁਨੀਆ ਖਾਬ ਖਿਆਲ ਦੀ ਖੇਲ ਸਾਰੀ ਜਿਹੜਾ ਹੋਇਆ ਸੋ ਖਾਕ ਸਮਾਇ ਗਿਆ। ਕਿਸ਼ਨ ਸਿੰਘ ਬਾਕੀ ਰਿਹਾ ਨਾਮ ਇਕੋ ਹੋਰ ਸਭ ਹੀ ਹੋ ਫਨਾਹਿ ਗਿਆ ।।੭੬।।

—ਸਮਾਪਤ—

## ਮਦਦਗਾਰੇ ਦਰਜ਼ੀਆਂ

[ਸਚਿਤਰ ਨਵਾਂ ਐਡੀਸ਼ਨ]

ਇਸ ਪੁਸਤਕ ਵਿਚ ਇਸਤਰੀਆਂ, ਪੁਰਸ਼ਾਂ ਅਤੇ ਬਚਿਆਂ ਦੇ ਨਵੇਂ ਨਵੇਂ ਫੈਸ਼ਨਾਂ ਦੇ ਕਪੜੇ ਸੀਉਣ ਦੇ ਢੰਗ ਦਸੇ ਗਏ ਹਨ। ਜਿਸ ਨੂੰ ਪੜ੍ਹ ਕੇ ਹਰ ਇਕ ਪੁਰਸ਼ ਦੋ ਸੌ ਰੁਪਿਆ ਮਹੀਨਾ ਕਮਾ ਸਕਦਾ ਹੈ ਅਤੇ ਇਸਤਰੀਆਂ ਵੀ ਘਰ ਵਿਚ ਕਪੜੇ ਸੀ ਸਕਦੀਆਂ ਹਨ।

ਡਾਕ ਖਰਚ ੨–੫੦ ਮੁਲ ੫-੦੦

## ਅਸਲੀ ਇੰਦਰ ਜਾਲ

ਇਹ ਪੁਸਤਕ ਦੇਰ ਤੋਂ ਕਿਸੇ ਕੀਮਤ ਤੇ ਨਹੀਂ ਮਿਲਦੀ ਸੀ। ਹੁਣ ਬੜੀ ਹੀ ਮੁਸ਼ਕਲ ਨਾਲ ਇਸਦੀ ਲਿਖਤੀ ਕਿਤਾਬ ਢੂੰਡ ਕੇ ਅਤੇ ਬਹੁਤ ਜ਼ਿਆਦਾ ਖਰਚ ਕਰ ਕੇ ਛਪਵਾਈ ਹੈ। ਇਸ ਵਿਚ ਸ਼ਿਵਜੀ ਮਹਾਰਾਜ ਦੇ ਜੰਤਰ, ਮੰਤਰ ਤੇ ਤੰਤਰ ਦਿਤੇ ਗਏ ਹਨ ਅਤੇ ਮੰਤਰਾਂ ਨੂੰ ਸਿਧ ਕਰਨ ਦੀ ਪੂਰੀ ਵਿਧੀ ਵੀ ਦਿਤੀ ਹੈ। ਡਾਕ ਖਰਚ ੧–੫੦ ਮੁਲ–੩–੫੦

## ਇੰਗਲਿਸ਼ ਟੀਚਰ

ਇਸ ਪੁਸਤਕ ਦੀ ਮਦਦ ਨਾਲ ਤੁਸੀਂ ਅੰਗਰੇਜ਼ੀ ਜ਼ਬਾਨ ਸਿਖ ਕੇ ਇਕ ਮਹੀਨੇ ਵਿਚ ਕਿਸੇ ਉਸਤਾਦ ਤੋਂ ਬਿਨਾ ਚੰਗੀ ਤਰ੍ਹਾਂ ਅੰਗਰੇਜ਼ੀ ਬੋਲਣ ਲਗ ਜਾਓਗੇ। ਡਾਕ ਖਰਚ ੧–੦੦ ਮੁਲ ੬/–

ਨੋਟ ਅਸੀਂ ਵੀ. ਪੀ. ਨਹੀਂ ਭੇਜਦੇ ਇਸ ਲਈ ਕਿਤਾਬਾਂ ਦੀ ਕੀਮਤ ਪਹਿਲੇ ਚਾਹੀਦੀ ਹੈ।

ਮਿਲਣ ਦਾ ਪਤਾ :—

## ਮੋਹਨ ਸਿੰਘ ਮਾਲਕ, ਆਜ਼ਾਦ ਬੁਕ ਡਿਪੋ

ਹਾਲ ਬਜ਼ਾਰ ਅੰਮ੍ਰਿਤਸਰ।


ਜੀਵਨ ਜਗਤ ਪ੍ਰਿੰਟਰਜ਼–ਕ੍ਰਿਸ਼ਨ ਨਗਰ, ਚਾਲੀ ਖੂਹ, ਅੰਮ੍ਰਿਤਸਰ।